Publication : Rozana Spkesman
Date : July 25, 2008
Edition : Chandigarh

---

# ਮੈਪ ਮਾਈ ਇੰਡੀਆ ਕਰੇਗਾ ਸਫ਼ਰ ਨੂੰ ਆਸਾਨ

ਚੰਡੀਗੜ੍ਹ 24 ਜੁਲਾਈ (ਸਰਦੂਲ ਸਿੰਘ ਅਬਰਾਵਾਂ) : ਹੁਣ ਵਾਹਨਾਂ ਵਿਚ ਸਫ਼ਰ ਕਰਨ ਦੌਰਾਨ ਤੁਹਾਨੂੰ ਵਾਰ ਵਾਰ ਰੁਕ ਕੇ ਰਾਹ ਪੁੱਛਣਾ ਨਹੀਂ ਪਵੇਗਾ ਕਿਉਂਕਿ ਮੈਪ ਮਾਈ ਇੰਡੀਆ ਯੰਤਰ ਤੁਹਾਡੀ ਮਦਦ ਲਈ ਹਾਜ਼ਰ ਹੈ। ਇਹ ਸ਼ਬਦ ਮੈਪਮਾਈਇੰਡੀਆ ਦੇ ਪ੍ਰਬੰਧਕ ਨਿਰਦੇਸ਼ਕ ਰਾਕੇਸ਼ ਵਰਮਾ ਨੇ ਪੱਤਰਕਾਰ ਮਿਲਣੀ 'ਚ ਕਹੇ। ਸ੍ਰੀ ਵਰਮਾ ਨੇ ਦਸਿਆ ਕਿ ਇਸ ਯੰਤਰ 'ਚ 174 ਸ਼ਹਿਰਾਂ ਦੇ ਨਕਸ਼ੇ ਗਲੀਆਂ, ਸਥਾਨਾਂ, ਛੋਟੇ ਸਥਾਨਾਂ ਤੇ ਦਿਲਚਸਪ ਸਥਾਨਾਂ ਦੇ ਵਿਸਥਾਰ ਸਹਿਤ ਤੇ ਆਵਾਜ਼ੀ ਹਦਾਇਤਾਂ, ਹੋਟਲਾਂ, ਏ ਟੀ ਐਮ ਢਾਬਿਆਂ ਤੇ ਹੋਰ ਸ਼ਾਮਲ ਹੈ। ਸ੍ਰੀ ਵਰਮਾ ਨੇ ਦਸਿਆ ਕਿ ਪੰਜਾਬ ਦੇ 31 ਸ਼ਹਿਰਾਂ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਪਟਿਆਲਾ ਤੇ ਹੋਰ ਸ਼ਾਮਲ ਹਨ ਚੰਡੀਗੜ੍ਹ ਮੁਹਾਲੀ ਪੰਚਕੂਲਾ ਤੋਂ ਇਲਾਵਾ ਹੋਰ ਸੂਬੇ ਵੀ ਇਸ ਵਿਸਥਾਰ ਜਾਣਕਾਰੀ 'ਚ ਸ਼ੁਮਾਰ ਹਨ। ਇਹ ਯੰਤਰ 17 ਹਜ਼ਾਰ ਰੁਪਏ ਤੋਂ 20 ਹਜ਼ਾਰ ਰੁਪਏ ਵਿਚ ਕਾਰਾਂ ਤੇ ਹੋਰ ਵਾਹਨਾਂ ਵਿਚ ਫਿਟ ਹੋ ਸਕਦਾ ਹੈ।

ਇਸ ਮੌਕੇ ਚੰਡੀਗੜ੍ਹ ਨਗਰ ਨਿਗਮ ਦੇ ਮੇਅਰ ਪ੍ਰਦੀਪ ਛਾਬੜਾ, ਸੀਨੀਅਰ ਡਿਪਟੀ ਮੇਅਰ ਰਵਿੰਦਰ ਪਾਲ ਸਿੰਘ ਪਾਲੀ ਨੇ ਵੀ ਆਪਣੇ ਵਿਚਾਰ ਰੱਖਦਿਆਂ ਇਸ ਯੰਤਰ ਨੂੰ ਚਾਲਕ ਦਾ ਮਿੱਤਰ ਦਸਿਆ।